# II. ਭਾਸ਼ਾ ਦਾ ਟਕਸਾਲੀ ਰੂਪ

ਜਿਸ ਭਾਸ਼ਾ ਨੂੰ ਵਿਸ਼ਾਲ ਭਾਸ਼ਾਈ ਖੇਤਰ ਵਿੱਚ ਸਮਾਜਿਕ ਰਾਜਨੀਤਿਕ ਪੱਧਰ ਤੇ ਮਾਨਤਾ ਪ੍ਰਾਪਤ ਹੋਵੇ, ਉਸ ਨੂੰ ਭਾਸ਼ਾ ਦਾ ਟਕਸਾਲੀ ਰੂਪ ਕਿਹਾ ਜਾਂਦਾ ਹੈ। ਟਕਸਾਲੀ ਭਾਸ਼ਾ ਰੂਪ ਦੀਆਂ ਕੁੱਝ ਵਿਸ਼ੇਸ਼ਤਾਵਾਂ ਹੇਠ ਲਿਖੇ ਅਨੁਸਾਰ ਹੁੰਦੀਆਂ ਹਨ।

1. ਟਕਸਾਲੀ ਭਾਸ਼ਾ ਆਪਣੇ ਸੰਪਰਕ ਵਿੱਚ ਆਈਆਂ ਭਾਸ਼ਾਵਾਂ ਦੀਆਂ ਪ੍ਰਵਿਰਤੀਆਂ ਨੂੰ ਸੌਖਿਆਂ ਹੀ ਆਪਣੇ ਵਿੱਚ ਜਜ਼ਬ ਸਕਦੀ ਹੈ ਜਿਵੇਂ ਫਾਰਸੀ ਦੀਆਂ ਕਈ ਪ੍ਰਵਿਰਤੀਆਂ ਨੂੰ ਤੇ ਪੰਜਾਬੀ ਭਾਸ਼ਾ ਨੇ ਅਪਣਾਇਆ ਗਿਆ ਹੈ।

2. ਟਕਸਾਲੀ ਭਾਸ਼ਾ ਵਿੱਚ ਇੰਨਾਂ ਲਚਕੀਲਾਪਨ ਹੈ ਕਿ ਅੰਗਰੇਜ਼ੀ ਦੇ ਬਹੁਤ ਸਾਰੇ ਸ਼ਬਦ ਇਸਦੇ ਅਟੁੱਟ ਅੰਗ ਬਣ ਚੁੱਕੇ ਹਨ।

3. ਟਕਸਾਲੀ ਭਾਸ਼ਾ ਦਾ ਕੌਮੀ ਪੱਧਰ ਉੱਚਾ ਹੋਣਾ ਜ਼ਰੂਰੀ ਹੈ ਤਾਂ ਕਿ ਉਪਭਾਸ਼ਾਵਾਂ ਵਿੱਚ ਮੇਲਜੋਲ ਹੋ ਅਤੇ ਵੱਖ-ਵੱਖ ਉਪਭਾਸ਼ਾਵਾਂ ਨੂੰ ਇਕੱਠਾ ਰੱਖਿਆ ਜਾ ਸਕੇ।

4. ਉਪਭਾਸ਼ਾਵਾਂ ਨੂੰ ਇਕੱਠਾ ਰੂਪ ਕਰਕੇ ਇਹਨਾਂ ਦਾ ਸਮਰੂਪ ਵਿਕਸਿਤ ਕੀਤਾ ਹੈ।

5. ਟਕਸਾਲੀ ਭਾਸ਼ਾ ਅਜਿਹੀ ਹੁੰਦੀ ਹੈ ਜੋ ਹੋਰ ਭਾਸ਼ਾਵਾਂ ਤੋਂ ਵੱਖਰਾ ਸਰੂਪ ਸੁਤੰਤਰ ਪਛਾਣ ਰੱਖਦੀ ਹੈ। ਭਾਵ ਇਸਦੀ ਵੱਖਰੀ ਹੋਂਦ ਹੁੰਦੀ ਹੈ।

6. ਟਕਸਾਲੀ ਭਾਸ਼ਾ ਦੀ ਪ੍ਰਮਾਣਿਕਤਾ ਉੱਤਮ ਲੇਖਕਾਂ ਦੀ ਰਚਨਾ ਕਰਕੇ ਸਮੂਹ ਸਮਾਜ ਤੇ ਨਿਰਭਰਦੀ ਹੈ।

7. ਟਕਸਾਲੀ ਭਾਸ਼ਾ ਦੀ ਸ਼ੁੱਧੀ ਜਾਂ ਉੱਤਮਤਾ ਦਾ ਨਿਰਣਾ ਟਕਸਾਲੀ ਭਾਸ਼ਾ ਦਾ ਨਮੂਨਾ ਦੇ ਕੇ ਕੀਤਾ ਜਾਂਦਾ ਹੈ। ਇਹ ਵਰਤਿਆ ਸਹਿਤਆ ਵਧੀ ਸਿਆਣੀ ਸਾਧਾਰਨ ਹੁੰਦੀ ਹੈ।

8. ਟਕਸਾਲੀ ਭਾਸ਼ਾ ਵਰਤੋਂ ਦੇ ਪੱਖੋਂ ਵਿਆਪਕ ਹੁੰਦੀ ਹੈ ਭਾਸ਼ਾ ਪੱਖੋਂ ਵਿਆਪਕੀ, ਬੋਲੀਆਂ ਆਦਿ ਸ਼ਾਮਿਲ ਕਰਨਾ ਇਸਦੇ ਲੱਛਣ ਹਨ।

ਸੋ ਅਸੀਂ ਕਹਿ ਸਕਦੇ ਹਾਂ ਕਿ ਟਕਸਾਲੀ ਭਾਸ਼ਾ ਰੂਪ ਕਿਸੇ ਇਲਾਕੇ ਵਿੱਚ ਰਸਮੀ ਤੇ ਵਿਦਿਅਕ ਪੱਧਰ ਤੇ ਪ੍ਰਚਲਿਤ ਤੇ ਸੰਸਕਾਰਤ ਭਾਸ਼ਾ ਰੂਪ ਰੂਪ ਹੁੰਦਾ ਹੈ ਸਿੱਖਿਆ ਵਰਤਣੀ, ਵਿਆਕਰਨ ਸ਼ਬਦਾਵਲੀ ਆਦਿ-ਪੱਖੋਂ ਹਰ ਪੱਧਰ ਤੇ ਇਸਦੀ ਬੋਲਚਾਲ ਵਰਤੋਂ ਹੁੰਦੀ ਹੈ। ਜਦੋਂ ਅਸੀਂ ਪੰਜਾਬੀ ਭਾਸ਼ਾ ਦੇ ਸੰਬੰਧ ਵਿੱਚ ਗੱਲ ਕਰਦੇ ਹਾਂ ਤਾਂ ਟਕਸਾਲੀ ਰੂਪ ਨੂੰ ਜਿਸਦੀ ਵਰਤੋਂ ਸਰਕਾਰੀ ਕੰਮ-ਕਾਜ, ਸਿੱਖਿਆ ਖੇਤਰ ਵਿੱਚ ਕੀਤੀ ਜਾਂਦੀ ਹੈ।

ਪੰਜਾਬੀ ਦੇ ਟਕਸਾਲੀ ਰੂਪ ਬਾਰੇ ਫੈਸਲਾ 1926 ਈ. ਵਿੱਚ ਸਿੱਖ ਐਜੂਕੇਸ਼ਨਲ ਕਮੇਟੀ ਦੀ ਪ੍ਰਧਾਨਤਾ ਸਮੇਂ ਹੀ ਕਰ ਦਿੱਤਾ ਗਿਆ ਸੀ। ਇਸ ਮੀਟਿੰਗ ਵਿੱਚ ਭਾਈ ਵੀਰ ਸਿੰਘ, ਭਾਈ ਜੋਧ ਸਿੰਘ, ਬਾਬੂ ਸਤੀ ਰਾਮ ਬਹਾਦਰ, ਪ੍ਰਿੰ. ਤੇਜਾ ਸਿੰਘ, ਪ੍ਰੋ. ਸਾਹਿਬ ਸਿੰਘ ਆਦਿ ਨੇ ਭਾਗ ਲਿਆ ਜਿਨ੍ਹਾਂ ਨੇ ਇਹ ਸਪਸ਼ਟ ਕੀਤਾ ਕਿ

ਪੰਜਾਬੀ ਇਤਿਹਾਸ ਪੁਰਾਣ ਭਾਸ਼ਾ ਹੈ ਅਤੇ ਸਮੇਂ ਦੇ ਵਿਕਾਸ ਦੇ ਇਤਿਹਾਸ ਨੂੰ ਜੀ ਕੇਂਦਰੀ ਰੂਪ ਵਿੱਚ ਸਵੀਕਾਰਿਆਂ ਜਾਂਦਾ। ਬਾਅਦ ਵਿੱਚ 1947 ਈ. ਵਿੱਚ ਦੇਸ਼ ਵੰਡ ਤੋਂ ਬਾਅਦ ਭਾਰਤ ਪੰਜਾਬੀ ਭਾਸ਼ਾ ਦੇ ਖੇਤਰ ਵਿੱਚ ਅਚਾਨਕ ਤਬਦੀਲੀ ਆ ਗਈ ਪੰਜਾਬੀ ਦੀਆਂ ਬਹੁਤ ਸਾਰੀਆਂ ਉਪਭਾਸ਼ਾਵਾਂ ਦੇ ਖੇਤਰ ਜਿਵੇਂ ਪੁਆਧੀ, ਪੋਠੋਹਾਰੀ, ਮੁਲਤਾਨੀ, ਝਾਂਗੀ ਬਾਰੀ ਆਦਿ ਪਾਕਿਸਤਾਨ ਵਿੱਚ ਚਲੇ ਗਏ ਦੂਜੇ ਪਾਸੇ ਉਰਦੂ ਤੇ ਰਾਜ ਦਰਬਾਰ ਤੇ ਸਿੱਖਿਆ ਖੇਤਰ ਵਿੱਚ ਹੋਣ ਕਰ ਪੰਜਾਬੀ ਭਾਸ਼ਾ ਵਿੱਚ ਦਮ ਤੋੜ ਚੁੱਕੇ ਪੈਪਸੂ ਰਾਜ ਵਿਚ ਅਦਾਲਤਾਂ ਤੇ ਸਿੱਖਿਆ ਖੇਤਰ ਵਿੱਚ ਰਾਜ ਭਾਸ਼ਾ ਘੋਸ਼ਿਤ ਕਰ ਦਿੱਤੀ ਗਈ। ਇਸ ਘੋਸ਼ਣਾ ਨੂੰ ਅਮਲ ਵਿੱਚ ਲਿਆਉਣ ਲਈ ਸਰਕਾਰੀ ਦਫ਼ਤਰ ਤੇ ਪੰਜਾਬੀ ਮਹਿਕਮੇ ਹਰ ਵਿੱਚ ਲਾਇਆ ਜਿਸ ਦੇ ਡਾਇਰੈਕਟਰ ਪ੍ਰਿੰਸੀਪਲ ਤੇਜਾ ਸਿੰਘ ਬਣਾਏ ਗਏ। ਇਸ ਵਿਭਾਗ ਨੇ ਵੀ ਮਾਂ ਨੂੰ ਜੀ ਸਵੀਕਾਰ ਕੀਤਾ

## ਪਾਕਿਸਤਾਨੀ ਤੇ ਭਾਰਤੀ ਪੰਜਾਬੀ ਭਾਸ਼ਾ:→ 1947

ਤੋਂ ਬਾਅਦ ਪਾਕਿਸਤਾਨੀ ਪੰਜਾਬੀ ਤੇ ਭਾਰਤੀ ਪੰਜਾਬੀ ਦੇ ਦੋ ਵੱਖ-ਵੱਖ ਰੂਪ ਉੱਭਰ ਕੇ ਸਾਹਮਣੇ ਆਏ। ਭਾਰਤੀ ਪੰਜਾਬ ਵਿੱਚ ਪੰਜਾਬੀ ਰਾਜ ਭਾਸ਼ਾ ਹੋਣ ਦੇ ਨਾਲ ਨਾਲ ਸਿੱਖਿਆ ਦਾ ਮਾਧਿਅਮ ਵੀ ਸੀ। ਪਰ ਪਾਕਿਸਤਾਨੀ ਪੰਜਾਬ ਵਿਚ ਪੰਜਾਬੀ ਨਾ ਤਾਂ ਰਾਜ ਭਾਸ਼ਾ ਹੈ ਅਤੇ ਨਾ ਹੀ ਸਿੱਖਿਆ ਦਾ ਮਾਧਿਅਮ ਉੱਥੇ ਪੰਜਾਬੀ ਦੀ ਲਿਪੀ ਵੀ ਸ਼ਾਹਮੁਖੀ ਹੈ ਬਜਾਇ ਗੁਰਮੁਖੀ ਦੇ ਇਸ ਕਰਕੇ ਦੋਹਾਂ ਅੰਤਰ ਆ ਜਾਣਾ ਸੁਭਾਵਿਕ ਸੀ।

4. ਭਾਰਤੀ ਅਤੇ ਪਾਕਿਸਤਾਨੀ ਪੰਜਾਬੀ ਵਿਚ ਵਾਕ ਬਣਤਰ ਦੀ ਪੱਧਰ ਤੇ ਕੋਈ ਬਹੁਤਾ ਅੰਤਰ ਨਹੀਂ। ਸ਼ਬਦਾਵਲੀ ਦੀ ਪੱਧਰ ਤੇ ਭਾਰਤੀ ਪੰਜਾਬੀ ਵਿਚ ਵਧੇਰੇ ਤਤਸਮ ਰੂਪ ਵਿਚ ਅਤੇ ਸੰਸਕ੍ਰਿਤ ਸ਼ਬਦਾਵਲੀ ਦੀ ਹੈ, ਜਦੋਂ ਕਿ ਪਾਕਿਸਤਾਨੀ ਪੰਜਾਬੀ ਵਿਚ ਉਰਦੂ ਫਾਰਸੀ ਭਾਸ਼ਾਵਾਂ ਦੀ ਸ਼ਬਦਾਵਲੀ ਵਧੇਰੇ ਮਿਲਦੀ ਹੈ।

2. ਧੁਨੀ ਤੇ ਉਚਾਰਨ ਪੱਧਰ ਤੇ ਪਾਕਿਸਤਾਨੀ ਪੰਜਾਬੀ ਵਿਚ ਅਰਬੀ, ਫਾਰਸੀ ਦੀਆਂ ਧੁਨੀਆਂ ਜਿਵੇਂ ਕਿ, ਸ, ਗ, ਖ਼, ਫ਼, ਜ਼, ਸ਼ ਆਦਿ ਦਾ ਉਚਾਰਨ ਸ, ਗ, ਖ, ਫ, ਜ, ਸ ਧੁਨੀਆਂ ਦੇ ਉਚਾਰਨ ਸਮੇਂ ਇਸ ਗੱਲ ਵੱਲ ਵਿਸ਼ੇਸ਼ ਧਿਆਨ ਨਹੀਂ ਦਿੱਤਾ ਜਾਂਦਾ ਹੈ। ਸਾਧਾਰਨ ਪੱਧਰ ਤੇ ਲਿਖਤ ਵਿਚ ਵੀ ਅਰਬੀ, ਫਾਰਸੀ, ਧੁਨੀਆਂ ਨੂੰ ਅੰਕਿਤ ਕਰਨ ਵਿਚ ਗਲਤੀਆਂ ਮਿਲਦੀਆਂ ਹਨ।

ਭਾਰਤੀ ਤੇ ਪਾਕਿਸਤਾਨੀ ਇਲਾਕਿਆਂ ਤੋਂ ਇਲਾਵਾ ਪੰਜਾਬੀ ਹੋਰ ਵੀ ਬਹੁਤ ਸਾਰੇ ਖੇਤਰਾਂ ਵਿੱਚ ਜਿੱਥੇ ਪੰਜਾਬੀ ਵਸੇ ਹੈ ਬੋਲੀ ਜਾਂਦੀ ਹੈ। ਇੰਗਲੈਂਡ, ਅਮਰੀਕਾ, ਕੈਨੇਡਾ, ਕੀਨੀਆ ਆਦਿ ਦੇਸ਼ਾਂ ਵਿਚ ਬੋਲੀ ਜਾਣ ਵਾਲੀ ਪੰਜਾਬੀ ਉੱਤੇ ਸਥਾਨਕ ਵਿਦੇਸ਼ੀ ਭਾਸ਼ਾਵਾਂ ਦਾ ਅਸਰ ਵੀ ਪ੍ਰਤੱਖ ਦੇਖਿਆ ਜਾ ਸਕਦਾ ਹੈ। ਅਸਲੀ ਸੂਰਤ ਵਿਚ ਪੰਜਾਬੀ ਬੜੀ ਸਮਰੱਥ ਭਾਸ਼ਾ ਹੈ। ਜੋ ਭਾਰਤੀ ਪੰਜਾਬ ਵਿੱਚ ਪੰਜਾਬ ਵਿੱਚ ਬਾਹਰ ਗੁਆਂਢੀ ਸੂਬਿਆਂ, ਦਿੱਲੀ ਵਿੱਚ ਬੋਲੀ ਜਾਂਦੀ ਹੈ। ਵਿਦੇਸ਼ਾਂ ਵਿਚ ਪੰਜਾਬੀ ਭਾਸ਼ਾ ਆਧੁਨਿਕ ਪੰਜਾਬੀ ਵਿਕਾਸ ਲਈ ਵਿਸ਼ੇਸ਼ ਜ਼ਿਕਰਯੋਗ ਹੈ। ਵਿਦੇਸ਼ਾਂ ਵਿਚ ਪੰਜਾਬੀ ਕੈਨੇਡਾ, ਅਮਰੀਕਾ, ਇੰਗਲੈਂਡ

ਬੋਲੀਆਂ ਵਿੱਚ ਵੱਡੀ ਪੱਧਰ ਤੇ ਸਾਰੇ ਸੰਸਾਰ
ਨਾਲ ਬੋਲੀ ਜਾਂਦੀ ਹੈ। ਦੁਨੀਆਂ ਵਿੱਚ
ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ
14 ਕਰੋੜ ਤਕ ਮੰਨੀ ਜਾਂਦੀ ਹੈ।

— X —